ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2404 | 15 March, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204,
FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008
(Near Costco), Fresno, CA 93722
Phone: 599-271-5511

# ਈਰਾਨ ਨਾਲ ਜੰਗ ਵਿੱਚ ਹੁਣ ਤੱਕ 13 ਅਮਰੀਕੀ ਸੈਨਿਕਾਂ ਦੀ ਮੌਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 16ਵਾਂ ਦਿਨ ਹੈ। ਅਮਰੀਕੀ ਰੱਖਿਆ ਵਿਭਾਗ ਨੇ ਵੀਰਵਾਰ ਨੂੰ ਇਰਾਕ ਵਿੱਚ ਹੋਏ ਫੌਜੀ ਰਿਫਿਊਲਿੰਗ ਜਹਾਜ਼ ਹਾਦਸੇ ਵਿੱਚ ਮਾਰੇ ਗਏ ਛੇ ਸੈਨਿਕਾਂ ਦੀ ਪਛਾਣ ਜਾਰੀ ਕੀਤੀ ਹੈ। ਰੱਖਿਆ ਵਿਭਾਗ ਨੇ ਕਿਹਾ ਕਿ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਹਾਦਸੇ ਨਾਲ ਈਰਾਨ ਨਾਲ ਚੱਲ ਰਹੀ ਜੰਗ ਵਿੱਚ ਅਮਰੀਕੀ ਸੈਨਿਕਾਂ ਦੀ ਕੁੱਲ ਗਿਣਤੀ 13 ਹੋ ਗਈ ਹੈ। ਇਨ੍ਹਾਂ ਵਿੱਚੋਂ ਸੱਤ ਸੈਨਿਕ ਲੜਾਈ ਦੌਰਾਨ ਮਾਰੇ ਗਏ ਸਨ।

ਪੈਂਟਾਗਨ ਦੇ ਅਨੁਸਾਰ, ਹੁਣ ਤੱਕ ਲਗਭਗ 140 ਅਮਰੀਕੀ ਸੈਨਿਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਅੱਠ ਦੀ ਹਾਲਤ ਗੰਭੀਰ ਹੈ। ਦੱਸ ਦਈਏ ਕਿ ਕੁਵੈਤ ਵਿੱਚ ਹੋਏ ਹਮਲੇ ਵਿੱਚ ਛੇ ਸੈਨਿਕ ਮਾਰੇ ਗਏ ਸਨ, ਅਤੇ ਇਰਾਕ ਵਿੱਚ ਇੱਕ ਰਿਫਿਊਲਿੰਗ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਛੇ ਮਾਰੇ ਗਏ ਸਨ। ਸਾਊਦੀ ਅਰਬ ਵਿੱਚ ਇੱਕ ਸੈਨਿਕ ਦੀ ਮੌਤ ਹੋ ਗਈ ਸੀ। ਇਰਾਨੀ ਹਮਲਿਆਂ ਤੋਂ ਬਾਅਦ ਅਮਰੀਕੀ ਰੱਖਿਆ ਵਿਭਾਗ ਨੇ ਆਪਣੀ ਸੁਰੱਖਿਆ ਸਖ਼ਤ ਕਰ ਦਿੱਤੀ ਹੈ ਅਤੇ ਖੇਤਰ ਵਿੱਚ ਆਪਣੀ ਫੌਜੀ ਮੌਜੂਦਗੀ ਨੂੰ ਮਜ਼ਬੂਤ ਕਰ ਦਿੱਤਾ ਹੈ। ਇਹ ਟਕਰਾਅ ਪੂਰੇ ਮੱਧ ਪੂਰਬ ਵਿੱਚ ਫੈਲ ਗਿਆ ਹੈ, ਜਿਸ ਨਾਲ 13 ਤੋਂ ਵੱਧ ਦੇਸ਼ ਪ੍ਰਭਾਵਿਤ ਹੋਏ ਹਨ ਅਤੇ ਨਤੀਜੇ ਵਜੋਂ ਹੁਣ ਤੱਕ 1,600 ਤੋਂ ਵੱਧ ਮੌਤਾਂ ਹੋਈਆਂ ਹਨ।

ਇਹ ਵੀ ਦੱਸ ਦਈਏ ਕਿ ਇਸ ਲੜਾਈ ਦੇ ਕਾਰਨ ਲਗਭਗ ਦੁਨੀਆਂ ਦੇ ਸਾਰੇ ਹੀ ਦੇਸ਼ ਪ੍ਰਭਾਵਿਤ ਹੋਏ ਹਨ, ਕਿਉਂਕਿ ਹੋਰਮੁਜ਼ ਜਲਡਮਰੂ ਰੂਟ ਬੰਦ ਹੋਣ ਕਰਨ ਸਾਰੇ ਦੇਸ਼ਾਂ ਨੂੰ ਤੇਲ ਅਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਇਸ ਤੋਂ ਇਲਾਵਾ ਬਾਕੀ ਦੇ ਅਰਬ ਦੇਸ਼ਾਂ 'ਚ ਵੀ ਤੇਲ ਰਿਫਾਇਨਰੀਆਂ 'ਚ ਇਰਾਨੀ ਹਮਲਿਆਂ ਕਾਰਨ ਕੰਮ ਬੰਦ ਹੋਇਆ ਪਿਆ ਹੈ।

# ਕੈਨੇਡਾ 'ਚ ਮੋਗਾ ਦੇ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਔਰਤ ਦੀ ਮਦਦ ਕਰਨਾ ਪਿਆ ਮਹਿੰਗਾ!

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ 'ਚ ਮੋਗਾ ਦੇ ਇੱਕ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮ੍ਰਿਤਕ ਦੀ ਪਛਾਣ ਪਿੰਡ ਦੌਲਤਪੁਰਾ ਨੀਵਾਂ ਦਾ ਰਹਿਣ ਵਾਲਾ ਦਵਿੰਦਰ ਸਿੰਘ ਵਜੋਂ ਹੋਈ ਹੈ ਜੋ ਕਿ 4 ਸਾਲ ਪਹਿਲਾਂ ਕਮਾਈ ਕਰਨ ਲਈ ਕੈਨੇਡਾ ਗਿਆ ਸੀ। ਦੱਸ ਦਈਏ ਕਿ ਦਵਿੰਦਰ ਉੱਥੇ ਟੈਕਸੀ ਚਲਾਉਂਦਾ ਸੀ। ਉਸਦੀ ਟੈਕਸੀ ਵਿੱਚ ਬੈਠੀ ਇੱਕ ਔਰਤ ਦਾ ਕੁਝ ਬਦਮਾਸ਼ ਪਿੱਛਾ ਕਰ ਰਹੇ ਸਨ। ਇਸ ਦੌਰਾਨ ਬਦਮਾਸ਼ਾਂ ਨੇ ਟੈਕਸੀ 'ਤੇ ਤਾਬੜਤੋੜ ਫਾਇਰਿੰਗ ਕਰ ਦਿੱਤੀ, ਜਿਸ ਨਾਲ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਉਸਦੀ ਮੌਤ ਦੀ ਖਬਰ ਨਾਲ ਪਿੰਡ ਵਿੱਚ ਸੋਗ ਦਾ ਮਾਹੌਲ ਹੈ। ਕੈਨੇਡਾ ਪੁਲਿਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਔਰਤ ਨੂੰ ਕੁਝ ਬਦਮਾਸ਼ਾਂ ਨੇ ਪਹਿਲਾਂ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਉਨ੍ਹਾਂ ਦੇ ਚੁੰਗਲ ਵਿੱਚੋਂ ਭੱਜ ਕੇ ਟੈਕਸੀ ਵਿੱਚ ਬੈਠ ਗਈ ਸੀ। ਉਹ ਉਸ ਨੂੰ ਲੈ ਕੇ ਚੱਲਿਆ ਹੀ ਸੀ ਕਿ ਕੁਝ ਦੇਰ ਬਾਅਦ, ਔਰਤ ਦਾ ਪਿੱਛਾ ਕਰ ਰਹੇ ਹਥਿਆਰਬੰਦ ਬਦਮਾਸ਼ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਨੇ ਟੈਕਸੀ 'ਤੇ ਤਾਬੜਤੋੜ ਗੋਲੀਆਂ ਚਲਾਈਆਂ, ਜਿਸ ਨਾਲ ਦਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਬਦਮਾਸ਼ ਔਰਤ ਨੂੰ ਆਪਣੇ ਨਾਲ ਲੈ ਕੇ ਫਰਾਰ ਹੋ ਗਏ। ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਸਰਕਾਰ ਤੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ, ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਨ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**




Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਸਮੇਂ ਦੇ ਹਾਣ ਦਾ ਕਵੀ: ਮੀਸ਼ਾ



ਪੰਜਾਬੀ ਕਵੀ ਸ.ਸ. ਮੀਸ਼ਾ ਦਾ ਜਨਮ 15 ਮਾਰਚ 1933 ਨੂੰ ਪਿੰਡ ਭੇਟ ਜ਼ਿਲਾ ਕਪੂਰਥਲਾ ਵਿੱਚ ਮਾਂ ਗੁਰਵੰਤ ਕੌਰ ਤੇ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਸ਼੍ਰੀਮਤੀ ਸੁਰਿੰਦਰ ਕੌਰ ਨਾਲ ਵਿਆਹੇ ਮੀਸ਼ਾ ਦੇ ਦੋ ਬੱਚੇ ਹੋਏ - ਬੇਟਾ ਅਮਰਦੀਪ ਸਿੰਘ (1965) ਅਤੇ ਬੇਟੀ ਗੁਰਜੋਤ ਕੌਰ (1969)। ਉਹਨੇ ਨੈਸ਼ਨਲ ਕਾਲਜ ਸਠਿਆਲਾ ਵਿਖੇ ਅੰਗਰੇਜ਼ੀ ਦੇ ਲੈਕਚਰਾਰ ਵਜੋਂ (1957-1966) ਕਾਰਜ ਕੀਤਾ ਤੇ ਪਿੱਛੋਂ ਆਕਾਸ਼ਵਾਣੀ ਜਲੰਧਰ ਵਿਖੇ (1966-1986) ਜੀਵਨ ਦੇ ਅੰਤ ਤੱਕ ਪ੍ਰੋਡਿਊਸਰ ਵਜੋਂ ਕਾਰਜਸ਼ੀਲ ਰਿਹਾ।

ਮੀਸ਼ਾ ਇਕ ਵਿਵਾਦਪੂਰਨ ਪਰ ਜਿੰਦਾ ਦਿਲ ਇਨਸਾਨ ਸੀ। ਸਟੇਜ, ਰੇਡੀਉ ਤੇ ਦੂਰਦਰਸ਼ਨ ਤੇ ਉਹ ਕਵੀ-ਦਰਬਾਰਾਂ ਦੀ ਜਾਨ ਤੇ ਸ਼ਾਨ ਰਿਹਾ ਹੈ। ਨਕਸਲੀ ਲਹਿਰ ਦੌਰਾਨ ਉਸਨੇ ਕਮਿਊਨਿਸਟ ਇਨਕਲਾਬੀਆਂ ਉਤੇ ਹੋਏ ਤਸ਼ੱਦਦ ਦੇ ਸਮੇਂ 'ਸੀਤ ਲਹਿਰ' ਤੇ 'ਚੁਰੱਸਤਾ' ਵਰਗੀਆਂ ਕਵਿਤਾਵਾਂ ਲਿਖੀਆਂ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ 'ਘਰ', 'ਬਾਬਾ ਨਾਨਕਾ' 'ਮਤਦਾਨ' ਵਰਗੀਆਂ ਰਚਨਾਵਾਂ ਹਮੇਸ਼ਾ ਯਾਦ ਰਹਿਣਗੀਆਂ।

ਆਪਣੀ ਹੀ ਨਿਵੇਕਲੀ ਸੁਰ ਵਾਲੀ ਕਵਿਤਾ ਦੇ ਇਸ ਸ਼ਾਇਰ ਨੇ ਪੰਜਾਬੀ ਕਾਵਿ-ਜਗਤ ਨੂੰ ਚਾਰ ਮੌਲਿਕ ਸੰਗ੍ਰਹਿ ਪ੍ਰਦਾਨ ਕੀਤੇ ਹਨ : 'ਚੁਰੱਸਤਾ' (1961), 'ਦਸਤਕ' (1966), 'ਧੀਮੇ ਬੋਲ' (1972)' ਤੇ 'ਕੱਚ ਦੇ ਵਸਤਰ' (1974)। ਇਸ ਤੋਂ ਇਲਾਵਾ ਉਹਨੇ 'ਗ਼ਜ਼ਲਾਂ ਤੇ ਗੀਤ' ਸਿਰਲੇਖ ਅਧੀਨ ਇੱਕ ਕਿਤਾਬ ਦਾ ਸੰਪਾਦਨ (1975) ਵੀ ਕੀਤਾ। ਉਹਨੇ 'ਮਨੁੱਖ ਦੇ ਰੂਪ', 'ਸਰਘੀ ਵੇਲਾ' ਅਤੇ 'ਅਮੀਲ' ਨਾਂ ਹੇਠ ਕ੍ਰਮਵਾਰ ਹਿੰਦੀ, ਬੰਗਲਾ ਤੇ ਫਰਾਂਸੀਸੀ ਨਾਵਲਾਂ ਦੇ ਅਨੁਵਾਦ ਵੀ ਕੀਤੇ, ਜੋ ਯਸ਼ਪਾਲ, ਸਤੀਨਾਥ ਭਾਦੁੜੀ ਤੇ ਜੀਨ ਜੈਕ ਰੂਸੋ ਦੀਆਂ ਲਿਖਤਾਂ ਹਨ। 1974 ਵਿਚ ਪ੍ਰਕਾਸ਼ਿਤ 'ਕੱਚ ਦੇ ਵਸਤਰ' ਕਾਵਿ ਸੰਗ੍ਰਹਿ ਲਈ ਉਸ ਨੂੰ 1977 ਵਿਚ ਭਾਰਤੀ ਸਾਹਿਤ ਅਕਾਡਮੀ ਵਲੋਂ ਪੁਰਸਕ੍ਰਿਤ ਕੀਤਾ ਗਿਆ।

ਜਲੰਧਰ ਦੀ ਇੱਕ ਸਾਹਿਤਕ ਸੰਸਥਾ 'ਦਾਇਰਾ' ਦੇ ਪ੍ਰਧਾਨ ਹੋਣ ਦਾ ਸ਼ਰਫ਼ ਵੀ ਉਹਨੂੰ ਹਾਸਲ ਰਿਹਾ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਉਸਦੇ ਸੁਰ ਨੂੰ 'ਸੁਹਜਵਾਦੀ ਉਦਾਸੀਨ' ਜਾਂ 'ਧੀਮੇ ਬੋਲਾਂ' ਦਾ ਨਾਂ ਦਿਤਾ ਹੈ।

ਆਧੁਨਿਕ ਪੰਜਾਬੀ ਕਾਵਿ ਵਿਚ ਜੀਵਨ ਦੀ ਕਿਸੇ ਸਥਿਤੀ ਅਥਵਾ ਮਾਨਵੀ ਮੁੱਲ ਨੂੰ ਸਮਾਜਕ ਪ੍ਰਸੰਗ ਵਿਚ ਰੱਖ ਕੇ ਵਿਅਕਤ ਕਰਨ ਦੀ ਜੋ 'ਪੰਚਮ ਸੁਰ' ਵਾਲੀ ਸਰਗਮ ਪਰਿਪੱਕ ਹੋ ਕੇ ਇਕ ਰੂੜ੍ਹੀ ਬਣ ਚੁਕੀ ਸੀ, ਮੀਸ਼ਾ ਦੀਆਂ ਕਵਿਤਾਵਾਂ ਦਾ ਅਭਿਵਿਅੰਜਨ ਉਨ੍ਹਾਂ ਤੋਂ ਕੁਝ ਨਿਵੇਕਲਾ ਅਤੇ ਅਲਹਿਦਾ ਜਾਪਦਾ ਹੈ।

ਉਸਨੇ ਆਧੁਨਿਕ ਵਿਅਕਤੀ ਦੇ ਜੀਵਨ ਨਾਲ ਜੁੜੇ ਹੋਏ ਰਸਮੀ ਵਿਵਹਾਰ ਦਾ ਨਿਰਮਮ ਵਿਸ਼ਲੇਸ਼ਣ ਕੀਤਾ ਹੈ। ਇਸ ਪ੍ਰਸੰਗ ਵਿਚ ਮੀਸ਼ਾ ਦੀਆਂ ਕਵਿਤਾਵਾਂ ਮੁਖੌਟੇਧਾਰੀ ਸੰਸਕ੍ਰਿਤੀ ਦਾ ਇਕ ਸਕ੍ਰਿਆ/ਨਿਸਕ੍ਰਿਆ ਅੰਗ ਬਣ ਚੁੱਕੇ ਵਿਅਕਤੀ ਦੀਆਂ ਕ੍ਰਿਆਵਾਂ/ਪ੍ਰਤਿਕ੍ਰਿਆਵਾਂ ਦਾ ਇਕ ਪ੍ਰਮਾਣਿਕ ਦਸਤਾਵੇਜ਼ ਹਨ।

ਆਪਣੀਆਂ ਕਵਿਤਾਵਾਂ ਵਿਚ ਮੀਸ਼ਾ ਨੇ ਅਨੇਕਾਂ ਅਜਿਹੇ ਬਿੰਦੂਆਂ ਨੂੰ ਪ੍ਰਸਤੁਤ ਕੀਤਾ ਹੈ, ਜਿਹੜੇ ਆਧੁਨਿਕ ਵਿਅਕਤੀ ਦੀ ਖੋਖਲੀ ਸਥਿਤੀ ਦੇ ਅਕੱਟ ਗਵਾਹ ਹਨ। ਉਸਦੀ ਇਕ ਕਵਿਤਾ 'ਚੀਕ ਬੁਲਬੁਲੀ' ਸਾਡੇ ਇਸ ਮੱਤ ਨੂੰ ਪ੍ਰਮਾਣਿਤ ਕਰਦੀ ਹੈ। ਇਸ ਕਵਿਤਾ ਦਾ ਨਾਇਕ ਆਪਣੇ ਰਸਮੀ ਵਿਵਹਾਰ ਅਤੇ ਤਥਾਕਥਿਤ ਸ਼ਿਸ਼ਟ ਪ੍ਰਤਿਕ੍ਰਿਆਵਾਂ ਤੋਂ ਬੇਹੱਦ ਦੁਖੀ ਅਤੇ ਨਿਰਾਸ਼ ਹੈ। ਉਹ ਚੀਕ ਬੁਲਬੁਲੀ ਮਾਰ ਕੇ ਆਪਣੇ ਇਰਦ-ਗਿਰਦ ਪੱਸਰੇ ਦੰਭੀ ਮਾਹੌਲ ਦੀ ਸਾਜ਼ਿਸ਼ ਨੂੰ ਨੰਗਿਆਂ ਕਰਨਾ ਲੋਚਦਾ ਹੈ ਪਰ ਨਿੱਜੀ ਸੰਪਤੀ ਜਾਂ ਸੁਖ ਸੁਵਿਧਾਵਾਂ ਪ੍ਰਤੀ ਮੋਹ, ਉਸਨੂੰ ਇਸ ਭਾਂਤ ਦੇ ਰੋਮਾਂਟਿਕ ਵਿਦ੍ਰੋਹ ਦੀ ਵੀ ਅਨੁਮਤੀ ਨਹੀਂ ਦਿੰਦਾ। ਇਹ ਕਵਿਤਾ ਆਧੁਨਿਕ ਵਿਅਕਤੀ ਦੇ ਕਿਰਦਾਰ ਨਾਲ ਜੁੜੇ ਹੋਏ ਬਹੁਤ ਸਾਰੇ ਜ਼ਰੂਰੀ ਵੇਰਵਿਆਂ ਨੂੰ ਸਾਡੇ ਸਾਹਮਣੇ ਪ੍ਰਸਤੁਤ ਕਰਦੀ ਹੈ। ਇਸ ਕਵਿਤਾ ਦੀਆਂ ਅੰਤਿਮ ਪੰਕਤੀਆਂ ਆਧੁਨਿਕ ਵਿਅਕਤੀ ਦੀ ਖੋਖਲੀ ਅਥਵਾ ਨਿਪੁੰਸਕ ਮਾਨਸਿਕਤਾ ਨੂੰ ਵੀ ਨਿਰੂਪਿਤ ਕਰਦੀਆਂ ਹਨ :

ਹੁਣ ਜੀਅ ਕਰਦਾ ਕੱਲ੍ਹ ਕਚਹਿਰੀ ਲਾਗੇ
ਗਾਂਧੀ ਚੌਂਕ 'ਚ ਖੜ ਕੇ ਸਾਰਾ ਗੁਭ ਘਲਾਟ ਕਢ ਲਵਾਂ
ਏਨੇ ਚਿਰ ਦੀ ਡੱਕੀ ਹੋਈ ਖੁਲ੍ਹ ਕੇ ਚੀਕ-ਬੁਲਬੁਲੀ ਮਾਰਾਂ ਮੁਸਕੌਂਦੇ ਗਾਂਧੀ ਦੇ ਬੁੱਤ ਤੋਂ
ਡਾਂਡੀ ਸਫਰ ਦੀ ਸੋਟੀ ਖੋਹ ਕੇ ਅਪਣਾ ਹੀ ਸਿਰ ਪਾੜਾਂ
ਲਹੂ ਪਲੱਥਾ ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ ਰਾਮ ਪੁਕਾਰਾਂ

ਮੀਸ਼ਾ ਦੀ ਅਭਿਵਿਅਕਤੀ ਦਾ ਇਕ ਹੋਰ ਪ੍ਰਮੁਖ ਸੂਰ ਇਹ ਹੈ ਕਿ ਉਹ ਤਤਕਾਲਿਕ ਸੰਦਰਭ ਵਿਚ ਆਪਣੇ ਨਿਜਤਵ ਦਾ ਵਿਵੇਚਨ-ਵਿਸ਼ਲੇਸ਼ਣ ਕਰਨ ਲੱਗ ਜਾਂਦਾ ਹੈ। ਇਹ ਇਹਸਾਸ ਰੋਮਾਂਟਿਕ ਹੋਣ ਕਰਕੇ ਸਾਡੇ ਯੁਗ ਦੇ ਯੁਵਕਾਂ ਅਤੇ ਕੁਝ ਇਕ ਤਥਾਕਥਿਤ ਬੁੱਧੀਜੀਵੀਆਂ ਨੇ ਬਹੁਤ ਪਸੰਦ ਕੀਤਾ। ਇਹੀ ਕਾਰਨ ਹੈ ਕਿ ਮੀਸ਼ਾ ਦੀਆਂ ਇਹੋ ਜਿਹੀਆਂ ਕਵਿਤਾਵਾਂ ਪਾਠਕਾਂ ਵਿਚ ਬਹੁਤ ਹਰਮਨ-ਪਿਆਰੀਆਂ ਹੋਈਆਂ। ਉਦਾਹਰਣ ਲਈ ਉਸਦੀ ਇਕ ਕਵਿਤਾ 'ਮਿੱਟੀ ਦਾ ਪੁਤਲਾ' ਦੇ ਕੁਝ ਅੰਸ਼ ਪ੍ਰਸਤੁਤ ਹਨ :

ਮੈਂ ਨਹੀਂ ਕਹਿੰਦਾ ਕਿ ਧਰਤੀ ਸੁਰਗ ਹੈ,
ਨਾ ਮੈਂ ਕਹਿੰਦਾ ਹਾਂ ਸੁਰਗ ਬਣ ਜਾਏਗੀ,
ਸੁਰਗ ਅਸਲੀਅਤ ਨਹੀਂ ਆਦਰਸ਼ ਹੈ।
ਅਸਲੀਅਤ ਆਦਰਸ਼ ਦਾ ਸੰਘਰਸ਼ ਹੈ,
ਬਸ ਇਹੋ ਸੰਘਰਸ਼ ਹੈ ਇਹ ਜ਼ਿੰਦਗੀ,
ਇਹ ਜੋ ਮਿੱਟੀ ਵਿਚ ਸ਼ੁਅਲਾ ਮਚਲਦਾ।

ਮੀਸ਼ਾ-ਕਾਵਿ ਵਿਚ ਮੱਧ ਸ਼੍ਰੇਣੀ ਦਾ ਕਿਰਦਾਰ ਕੁਝ ਇਸ ਤਰ੍ਹਾਂ ਪ੍ਰਸਤੁਤ ਹੋਇਆ ਹੈ ਕਿ ਸਾਨੂੰ ਇਸ ਸ਼੍ਰੇਣੀ ਦੀਆਂ ਕ੍ਰਿਆਵਾਂ ਪ੍ਰਤਿਕ੍ਰਿਆਵਾਂ ਨਾਲ ਸਹਾਨੁਭੂਤੀ ਹੋਣ ਲੱਗ ਪੈਂਦੀ ਹੈ। ਸ਼ਾਇਦ ਇਸਦਾ ਇਕ ਕਾਰਨ ਇਹ ਵੀ ਹੋਵੇ ਕਿ ਪਾਠਕਾਂ ਦੇ ਰੂਪ ਵਿਚ ਅਸੀਂ ਆਪ ਸਭ ਮਧ-ਸ਼੍ਰੇਣਿਕ ਸੰਸਕਾਰਾਂ ਨਾਲ ਜੁੜੇ ਹੋਏ ਹਾਂ।

ਮੀਸ਼ਾ ਦੀਆਂ ਕੁਝ ਇਕ ਕਵਿਤਾਵਾਂ ਦੇ ਵਿਸ਼ੇ ਆਧੁਨਿਕ ਸੰਸਕ੍ਰਿਤੀ ਦੇ ਤਣਾਵਾਂ ਤੇ ਤਕਾਜ਼ਿਆਂ ਨੂੰ ਵੀ ਮੂਰਤੀਮਾਨ ਕਰਦੇ ਹਨ। ਭਾਵੇਂ ਇਹ ਵਿਸ਼ੇ ਵੀ ਮਨੁੱਖ ਦੇ 'ਰਸਮੀ ਵਿਵਹਾਰ' ਨਾਲ ਜਾ ਜੁੜਦੇ ਹਨ, ਪਰੰਤੂ ਜਿਥੇ ਰਸਮੀ ਵਿਵਹਾਰ ਦਾ ਪਾਲਣ ਕਰਦਾ ਹੋਇਆ ਆਧੁਨਿਕ ਵਿਅਕਤੀ ਭੀੜ ਵਿਚ ਗੁਆਚ ਕੇ ਅਜਨਬੀ ਹੁੰਦਾ ਹੈ, ਉਥੇ ਕਈ ਵਾਰ ਉਹ ਰਿਸ਼ਤਿਆਂ, ਵਿਸ਼ਵਾਸਾਂ ਅਤੇ ਜੀਵਨ-ਸਿੱਧਾਂਤ ਤੋਂ ਇਤਨਾ ਉਦਾਸੀਨ ਹੋ ਜਾਂਦਾ ਹੈ ਕਿ ਉਹ ਬਿਲਕੁਲ ਇਕੱਲਾ ਤੇ ਅਸਹਾਇ ਮਹਿਸੂਸ ਕਰਦਾ ਹੈ।

ਪੰਜਾਬੀ ਦੀ ਪ੍ਰਯੋਗਸ਼ੀਲ ਕਾਵਿਧਾਰਾ ਦੇ ਕਵੀਆਂ ਨੇ ਆਧੁਨਿਕ ਵਿਅਕਤੀ ਦੇ ਇਸ ਦੂਜੇ ਰੂਪ ਦਾ ਨਿਰੂਪਣ ਕੀਤਾ ਹੈ। ਮੀਸ਼ਾ ਦੀਆਂ ਕਵਿਤਾਵਾਂ ਵਿਚ ਵੀ ਕਿਧਰੇ ਕਿਧਰੇ ਜੀਵਨ ਦੀ ਅਰਥਹੀਣਤਾ, ਵਿਸੰਗਤੀ ਤੇ ਅਜਨਬੀਅਤ ਆਦਿਕ ਪ੍ਰਸੰਗ ਦ੍ਰਿਸ਼ਟੀਗੋਚਰ ਹੋਏ ਹਨ। ਜਿਵੇਂ 'ਸਵੇਰ' ਕਵਿਤਾ ਦੀਆਂ ਇਹ ਪੰਕਤੀਆਂ:

ਅੱਖਾਂ ਵਿਚ ਉਨੀਂਦਾ ਰੜਕੇ
ਚਿੰਤਾ ਬਣੀ ਸਿਰ੍ਹਾਣਾ ਸਿਰ ਦਾ
ਸਾਨੂੰ ਰੋਗ ਰਜ਼ਾਈਆਂ ਦਾ ਓਢਣ
ਆਉਣ ਭਿਆਨਕ ਸੁਪਨੇ ਤੜਕੇ
ਚਾਹ ਦੇ ਇਕ ਤੱਤੇ ਕੱਪ ਉਤੇ
ਦੇਸੀ ਅਤੇ ਦਸੌਰੀ ਖਬਰਾਂ
ਕਾਲੇ ਤੇ ਕੰਡਿਆਲੇ ਅੱਖਰ
ਨਫਰਤ ਗੁੱਤੇ ਵਿਹੁ-ਵਿਗੁੱਤੇ।

ਭਾਵ-ਅਭਿਵਿਅੰਜਨ ਲਈ ਮੀਸ਼ਾ ਨੇ ਬਿੰਬਾਂ ਤੋਂ ਬੜਾ ਸਾਰਥਕ ਅਤੇ ਪ੍ਰਭਾਵਸ਼ਾਲੀ ਕੰਮ ਲਿਆ ਹੈ। ਉਸਨੇ ਆਪਣੇ ਸਮਕਾਲੀਨ ਪਰਿਵੇਸ਼ ਵਿਚੋਂ ਬਿੰਬਾਂ ਦੀ ਚੋਣ ਕੀਤੀ ਹੈ, ਜਿਸ ਕਾਰਨ ਉਸ ਦੀਆਂ ਕਵਿਤਾਵਾਂ ਸਾਡੇ ਲਈ ਵਧੇਰੇ ਮਹੱਤਵਪੂਰਨ ਹੋ ਨਿਬੜੀਆਂ ਹਨ। 'ਕਮਜ਼ਰਫ' ਕਵਿਤਾ ਵਿਚ ਦ੍ਰਿਸ਼-ਬਿੰਬ ਦੀ ਇਕ ਬੜੀ ਸੁੰਦਰ ਉਦਾਹਰਣ ਦ੍ਰਿਸ਼ਟੀਗੋਚਰ ਹੁੰਦੀ ਹੈ :

ਸਾਰਾ ਦਿਨ ਕਾਂ-ਅੱਖ ਨਿਕਲੀ ਸੀ
ਉਸ ਦਿਨ ਧੁੱਪ ਕੜਾਕੇ ਕਢਦੀ
ਰੋਜ਼ ਦੀਆਂ ਧੁੱਪਾਂ ਤੋਂ ਕਿੰਨੀ ਵੱਖ ਨਿਕਲੀ ਸੀ
ਵੱਟ ਚੜ੍ਹਿਆ ਸੀ ਦਿਨ ਭਰ ਦਿਲ ਨੂੰ
ਵਿਹਲੀ ਬੈਠੀ ਖਿਝੀ ਪਈ ਸਾਂ
ਸੂਰਜ ਡੁੱਬਣ ਵੇਲੇ ਪਰਬਤ ਵੱਲੋਂ
ਸੰਘਣੀ ਕਾਲੀ ਘਟ ਦੇ ਅੱਗੇ
ਉਡਦੇ ਆਏ ਬਗਲੇ ਬੱਗੇ।
ਪਤਾ ਨਹੀਂ ਕਿਥੋਂ ਰਾਹ ਭੁੱਲਾ
ਆ ਵੜਿਆ ਉਹ
ਮੁਸਕਾਂਦਾ ਖੁਸ਼ਬੋ ਫੈਲਾਂਦਾ
ਠੰਢੀ ਨਰਮ ਹਵਾ ਦਾ ਬੁੱਲਾ।
ਠੰਢੇ ਨਿੰਬੂ ਪਾਣੀ ਪਿਛੋਂ
ਜਦ ਹੋ ਗਈ ਤਬੀਅਤ ਵੱਲ ਸੀ
ਚਾਰ ਕੁ ਚੁੰਮਣ ਕਿਹੜੀ ਗੱਲ ਸੀ।

ਕੁਝ ਆਲੋਚਕਾਂ ਨੇ ਮੀਸ਼ਾ ਦੀਆਂ ਕਵਿਤਾਵਾਂ ਵਿਚ 'ਆਇਰਨੀ' ਤੇ ਵਿਅੰਗ ਵੱਲ ਸੰਕੇਤ ਕੀਤਾ ਹੈ। ਆਮ ਕਰਕੇ 'ਆਇਰਨੀ' ਦੇ ਚਮਤਕਾਰ ਉਸਦੀਆਂ ਗ਼ਜ਼ਲਾਂ ਵਿਚ ਅਤੇ ਵਿਅੰਗ ਦਾ ਪ੍ਰਯੋਗ ਉਸਦੀਆਂ ਕਵਿਤਾਵਾਂ ਵਿਚ ਵੇਖਿਆ ਜਾ ਸਕਦਾ ਹੈ। ਸਾਰੀਆਂ ਕਵਿਤਾਵਾਂ ਵਿਚ ਤਾਂ ਨਹੀਂ, ਪਰੰਤੂ ਕੁਝ ਇਕ ਕਵਿਤਾਵਾਂ ਵਿਚ ਜ਼ਰੂਰ ਮੀਸ਼ਾ ਨੇ ਵਿਅੰਗ ਨੂੰ ਮੁੱਖ ਰੱਖ ਕੇ ਕਾਵਿ-ਯੋਜਨਾ ਨੂੰ ਰੂਪਮਾਨ ਕੀਤਾ ਹੈ। ਪੁਸ਼ਟੀ ਲਈ 'ਫੁਕਰਾ', 'ਨਵਾਂ ਸਾਲ', 'ਕੈਬਰੇ ਤੋਂ ਬਾਅਦ', 'ਮੋਮਜਾਮਾ', 'ਨੇਕੀ', 'ਸ਼ੁਭ ਇਛਾਵਾਂ', 'ਏਸ ਸ਼ਹਿਰ ਵਿਚ', 'ਕੱਚ ਦੇ ਵਸਤਰ' ਤੇ 'ਬੱਦਲ' ਵਰਗੀਆਂ ਕਵਿਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਡਾ. ਸਤਿੰਦਰ ਸਿੰਘ ਨੂਰ ਨੇ ਅੰਮ੍ਰਿਤਾ-ਮੋਹਨ ਸਿੰਘ-ਕਾਵਿਧਾਰਾ ਨਾਲੋਂ ਮੀਸ਼ਾ ਦੀ ਵਿਲੱਖਣਤਾ ਦਾ ਰਾਜ਼ ਉਸਦੀ ਕਾਵਿਭਾਸ਼ਾ ਵਿਚ ਲੱਭਿਆ ਹੈ। ਉਸ ਅਨੁਸਾਰ, "ਉਸਨੇ (ਮੀਸ਼ਾ ਨੇ) ਵੱਖ ਹੋਣ ਦਾ ਰਾਹ ਇਹ ਲੱਭਿਆ ਕਿ ਮੋਹਨ ਸਿੰਘ ਦੀ ਸ਼ਹਿਰੀ ਮਧਸ਼੍ਰੇਣੀ ਦੀ ਜ਼ਬਾਨ ਤੋਂ ਵੱਖ ਹੋ ਕੇ ਤੁਰਿਆ ਜਾਏ। ਮੋਹਨ ਸਿੰਘ ਦੇ ਰੁਮਾਂਟਿਕ ਸੁਭਾ ਨੂੰ ਕਵਿਤਾ ਵਿਚ ਨਾ ਅਪਣਾਇਆ ਜਾਏ। .... ਮੀਸ਼ਾ ਪੰਜਾਬੀ ਪਾਠਕਾਂ ਨੂੰ ਇਸੇ ਲਈ ਪ੍ਰਵਾਣਿਤ ਰਿਹਾ ਹੈ, ਕਿਉਂਕਿ ਉਹ ਉਨ੍ਹਾਂ ਨੂੰ ਸਾਧਾਰਨਤਾ ਵਿਚ ਵਿਚਰਦਿਆਂ ਆਰਥਿਕ ਤੇ ਸਮਾਜਕ ਪ੍ਰਬੰਧ ਨਾਲ ਅਸੰਤੁਸ਼ਟਤਾ ਪ੍ਰਗਟ ਕਰਨ ਦਾ ਇਕ ਨਿਗੂਣਾ ਜਿਹਾ ਸਵਾਦ ਵੀ ਦੇ ਦਿੰਦਾ ਹੈ।" ਇਸ ਪ੍ਰਸੰਗ ਵਿਚ ਮੀਸ਼ਾ ਵਲੋਂ ਵਰਤਿਆ ਗਿਆ ਮਲਵੱਈ ਸ਼ਬਦ-ਵਿਧਾਨ ਵੀ ਉਲੇਖਯੋਗ ਹੈ।

ਉਸਨੇ ਮਾਲਵੇ ਵਿਚ ਪ੍ਰਚੱਲਿਤ ਬਹੁਤ ਸਾਰੇ ਲੋਕ-ਮੁਹਾਵਰੇ ਨਾਲ ਸਬੰਧਿਤ ਸੰਕਲਪਗਤ ਸ਼ਬਦਾਂ ਦਾ ਬੜਾ ਵਿਲੱਖਣ ਪ੍ਰਯੋਗ ਕੀਤਾ ਹੈ। ਜਿਵੇਂ ਦਾਰੂ, ਚਿਤ ਦਾ ਘਾਊਂ ਮਾਊਂ ਹੋਣਾ, ਬੱਤਾ, ਬਾਨ, ਝਕਾਨੀ, ਸੁਫਨੇ, ਗਵਾਣਾ, ਮਿਟਾਣਾ, ਟੌਰ, ਆਵਾਗੌਣ, ਭੰਡੀ ਕਰਨੀ, ਪਾਜ ਖੋਲ੍ਹਣਾ ਆਦਿ।

ਮੀਸ਼ਾ ਨੇ ਆਪਣੀਆਂ ਗ਼ਜ਼ਲਾਂ ਵਿਚ ਇਸਦੇ ਰਵਾਇਤੀ ਸਰੂਪ ਦਾ ਨਿਰਵਾਹ ਨਹੀਂ ਕੀਤਾ, ਸਗੋਂ ਇਸਦੇ ਮਾਧਿਅਮ ਦੁਆਰਾ ਆਪਣੇ ਨਿਵੇਕਲੇ ਹਸਤਾਖਰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਗ਼ਜ਼ਲਾਂ ਵਿਚ ਉਸਨੇ ਕਵਿਤਾਵਾਂ ਦੇ ਸ਼ਿਲਪ ਤੋਂ ਰਤਾ ਵੱਖਰਾ ਹੋ ਕੇ ਉਪਮਾਵਾਂ ਤੇ ਰੂਪਕਾਂ ਦਾ ਕਾਫੀ ਅਧਿਕ ਮਾਤਰਾ ਵਿਚ ਪ੍ਰਯੋਗ ਕੀਤਾ ਹੈ। ਇਹ ਉਪਮਾਵਾਂ ਤੇ ਰੂਪਕ ਕਦੇ ਉਸਨੇ ਪੰਜਾਬ ਦੇ ਸਭਿਆਚਾਰਕ ਵਿਰਸੇ ਵਿਚੋਂ ਲਏ ਹਨ ਅਤੇ ਕਦੇ ਸਮਕਾਲੀਨ ਪਰਿਵੇਸ਼ ਵਿਚੋਂ। ਉਦਾਹਰਣ ਵਜੋਂ :

(1) ਜਦ ਕੰਨਾਂ ਨੂੰ ਕੀਲਦੀ ਝਾਂਜਰ ਦੀ ਛਣਕਾਰ,
ਪੈਰਾਂ ਉਤੇ ਡਿੱਗਦੀ ਸ਼ਮਲੇ ਵਾਲੀ ਪੱਗ।
(2) ਪੱਛਮ ਦੀ ਤਹਿਜ਼ੀਬ ਦਾ ਖੁੱਲਿਆ ਕਿੱਦਾਂ ਪਾਜ,
ਨੰਗੀ ਲੇਟੀ ਸੜਕ ਤੇ ਹਿੱਪਣ ਪੀ ਕੇ ਭੰਗ।

ਮੀਸ਼ਾ ਸਮੇਂ ਦੇ ਨਾਲ-ਨਾਲ ਤੁਰਨ ਵਾਲਾ ਕਵੀ ਸੀ। ਉਸਦੀਆਂ ਕਵਿਤਾਵਾਂ ਵਿਚ ਸਮਕਾਲੀ ਪੰਜਾਬ ਦੇ ਦੁਖ-ਸੁਖ ਸਮੋਏ ਹੋਏ ਹਨ। ਸੱਜਰੀਆਂ ਕਵਿਤਾਵਾਂ ਤੇ ਗ਼ਜ਼ਲਾਂ ਵਿਚ ਉਸਨੇ ਪੰਜਾਬ ਦੀ ਅਜੋਕੀ ਤ੍ਰਾਸਦੀ ਨੂੰ ਪੰਜਾਬੀਅਤ ਦੀ ਭਾਵਨਾ ਅਨੁਸਾਰ ਉਲੀਕਿਆ ਹੈ।

ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਨੇ 'ਨੰਗੀ ਮੁਸਕਾਨ' ਸਿਰਲੇਖ ਹੇਠ ਲਿਖੇ ਮੀਸ਼ਾ ਦੇ ਰੇਖਾਚਿੱਤਰ ਵਿੱਚ ਉਸਦੇ ਵਿਅਕਤਿਤਵ ਦੇ ਬਹੁਤ ਸਾਰੇ ਪੱਖ ਪੇਸ਼ ਕੀਤੇ ਹਨ। ਇਸ ਵਿੱਚ ਸ਼ਿਵ ਨੇ ਮੀਸ਼ਾ ਦੀ ਜ਼ਿੰਦਗੀ ਅਤੇ ਜ਼ਿੰਦਗੀ ਪ੍ਰਤੀ ਉਸਦੀ ਪਹੁੰਚ ਨੂੰ ਰੇਖਾਂਕਿਤ ਕੀਤਾ ਹੈ। ਸ਼ਿਵ ਨੇ ਮੀਸ਼ਾ ਦੀਆਂ 'ਪੰਜ ਦਰਿਆ' ਮੈਗਜ਼ੀਨ (ਸੰਪਾ. ਪ੍ਰੋ. ਮੋਹਨ ਸਿੰਘ) ਵਿੱਚ ਪ੍ਰਕਾਸ਼ਿਤ ਕੁਝ ਕਵਿਤਾਵਾਂ ਨੂੰ ਪੜ੍ਹ ਕੇ ਉਹਨੂੰ ਇੱਕ ਰੂਸੀ ਕਵੀ ਸਮਝ ਲਿਆ ਸੀ। ਸ਼ਿਵ ਨੇ ਇਸ ਰੇਖਾਚਿੱਤਰ ਵਿੱਚ ਮੀਸ਼ਾ ਦੀ ਉਦਾਸੀ ਸਮੇਂ ਗਾਈ ਜਾਣ ਵਾਲੀ ਕਵਿਤਾ 'ਕਾਲ਼ੀ ਰਾਤ 'ਚ ਗੰਡਾਸੀ ਲਿਸ਼ਕੇ...' ਨੂੰ ਵਿਸ਼ੇਸ਼ ਤੌਰ ਤੇ ਉਧ੍ਰਿਤ ਕੀਤਾ ਹੈ।

ਉਸਦੇ ਤੁਰ ਜਾਣ ਪਿਛੋਂ ਚਾਰੇ ਪਾਸੇ ਅੰਧਕਾਰ, ਗੁੱਬਾਰ ਤੇ ਹਨੇਰਾ ਨਜ਼ਰ ਆਉਂਦਾ ਹੈ। ਢੇਰ ਸਮਾਂ ਪਹਿਲਾਂ ਲਿਖੀ ਉਸਦੀ ਇਕ ਕਵਿਤਾ 'ਚੁਰੱਸਤਾ' ਅੱਜ ਵੀ ਕਿੰਨੀ ਸਾਰਥਕ ਤੇ ਸਮੇਂ ਦੀ ਹਾਣੀ ਲਗਦੀ ਹੈ:

ਕਿੰਨੀ ਅੰਨ੍ਹੀ ਹੈ ਇਹ ਰਾਤ!
ਬੁਝ ਗਏ ਸਾਰੇ ਚਿਰਾਗ।
ਸੁੰਘਿਆ ਇਸ ਨੂੰ ਉਦਾਸੀ-ਸੱਪ ਨੇ,
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ?
ਇਸ ਫ਼ਿਜ਼ਾ ਦੀ ਰਗ ਰਗ ਵਿਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

ਪੰਜਾਬੀ ਦੇ ਇਸ ਉੱਘੇ ਸ਼ਾਇਰ ਤੇ ਆਕਾਸ਼ਵਾਣੀ ਜਲੰਧਰ ਵਿਚ ਪੰਜਾਬੀ ਪ੍ਰੋਗਰਾਮ ਦੇ ਪ੍ਰੋਡਿਊਸਰ ਸੋਹਨ ਸਿੰਘ ਮੀਸ਼ਾ ਦਾ 21 ਸਤੰਬਰ, 1986 ਨੂੰ ਕਪੂਰਥਲਾ ਜ਼ਿਲ੍ਹੇ ਦੀ ਕਾਂਝਲੀ ਨਦੀ ਵਿਚ ਤੈਰਦਿਆਂ ਡੁੱਬਣ ਨਾਲ ਦਿਹਾਂਤ ਹੋ ਗਿਆ ਸੀ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
Get the Legal Defence
you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

ਜਿੱਥੇ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ

ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ

# 24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'


ਕਰਤਾਰ ਸਿੰਘ ਸਰਾਭਾ


ਬਾਬਾ ਜਵਾਲਾ ਸਿੰਘ


ਬਾਬਾ ਵਿਸਾਖਾ ਸਿੰਘ


ਬਾਬਾ ਸੋਹਣ ਸਿੰਘ ਭਕਨਾ


ਗਦਰੀ ਸੰਤੋਖ ਸਿੰਘ ਧਰਦਿਓ

## 12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ

**Central High School, East Campus Performing Art Center 3535 N. Cornelia Ave, Fresno, CA 93722**

## ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪਹੁੰਚ ਰਹੇ ਗਾਇਕ ਕਲਾਕਾਰ


ਲਾਲੀ ਤੱਖਰ


ਰਾਜ ਬਰਾੜ

ਮੰਚ ਸੰਚਾਲਨ


ਆਸ਼ਾ ਸ਼ਰਮਾ

**ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।

**ਹੋਰ ਪ੍ਰੋਗਰਾਮ:**
**ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ**

4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।

ਸੰਪਰਕ: ਸ਼ਰਨਜੀਤ ਧਾਲੀਵਾਲ (559) 974-8383

**Chief Guest & Speaker**
ਮੁੱਖ ਮਹਿਮਾਨ ਅਤੇ ਬੁਲਾਰਾ


Social Activist
**Dr. Swaiman Singh**

ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।

**ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ**

4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ

**ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ**

**ਮੇਲਾ ਕਮੇਟੀ**

ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਚਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਵੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਚਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੂਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਖਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੈਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੋਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਗੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ਼ ਸਿੰਘ।

**ਸਰਪ੍ਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

**ਵਿਸ਼ੇਸ਼ ਧੰਨਵਾਦ:**
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**
ਨਵਦੀਪ ਸਿੰਘ ਧਾਲੀਵਾਲ ਪ੍ਰਧਾਨ ................(559) 287-0822
ਹਰਜਿੰਦਰ ਸਿੰਘ ਢੇਸੀ ਸੈਕਟਰੀ ................(559) 618-0156
ਗੁਰਮੀਤ ਸਿੰਘ ਗਿੱਲ ................(805) 215-0681
ਗੁਰਮੀਤ ਸਿੰਘ ਗਾਜੀਆਣਾ ................(559) 801-8200

REALTY UNPLUGGED

# ਤੁਹਾਡੀਆਂ ਜੜ੍ਹਾਂ 🇮🇳 ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕਿ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# 2027 ਦੀਆਂ ਚੋਣਾਂ ਲਈ ਅਕਾਲੀ-ਭਾਜਪਾ ਗੱਠਜੋੜ ਦੀਆਂ ਅਟਕਲਾਂ 'ਤੇ ਲੱਗਿਆ ਵਿਰਾਮ! ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ "ਬਦਲਾਅ ਰੈਲੀ" ਦੌਰਾਨ ਕੀਤਾ ਵੱਡਾ ਐਲਾਨ

ਮੋਗਾ
ਸਾਂਝੀ ਸੋਚ ਬਿਊਰੋ

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਭਾਜਪਾ ਨੇ ਅੱਜ ਮੋਗਾ ਵਿੱਚ "ਬਦਲਾਅ ਰੈਲੀ" ਕੀਤੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰੈਲੀ ਨੂੰ ਸੰਬੋਧਨ ਕੀਤਾ। ਉਹ ਕੇਸਰੀ ਰੰਗ ਦੀ ਪੱਗ ਬੰਨ੍ਹ ਕੇ ਸਟੇਜ 'ਤੇ ਪਹੁੰਚੇ। ਭਾਜਪਾ ਆਗੂਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣਾ ਭਾਸ਼ਣ "ਬੋਲੇ ਸੋ ਨਿਹਾਲ" ਨਾਲ ਸ਼ੁਰੂ ਕੀਤਾ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਬਦਲਾਅ ਰੈਲੀ' ਵਿੱਚ ਕਈ ਐਲਾਨ ਕੀਤੇ। ਉਨ੍ਹਾਂ ਅਕਾਲੀ ਦਲ ਨਾਲ ਗੱਠਜੋੜ ਦੀਆਂ ਅਟਕਲਾਂ 'ਤੇ ਵਿਰਾਮ ਲਗਾਉਂਦਿਆਂ ਆਖਿਆ ਕਿ ਅੱਜ ਮੈਂ ਐਲਾਨ ਕਰਦਾ ਹਾਂ ਕਿ 2027 ਵਿੱਚ ਭਾਜਪਾ ਆਪਣੀ ਸਰਕਾਰ ਬਣਾਉਣ ਲਈ ਚੋਣਾਂ ਲੜਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ "ਜੇਕਰ ਪੰਜਾਬ ਨੂੰ ਨਸ਼ਾ ਮੁਕਤ ਕਰਵਾਉਣਾ ਹੈ ਤਾਂ ਇਸ ਨੂੰ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਹੀ ਕਰ ਸਕਦੀ ਹੈ। ਪੰਜਾਬ ਕਰਜ਼ੇ, ਨਸ਼ਿਆਂ, ਧਰਮ ਪਰਿਵਰਤਨ, ਭ੍ਰਿਸ਼ਟਾਚਾਰ ਨਾਲ ਤਬਾਹ ਹੋ ਰਿਹਾ ਹੈ।

ਜੇਕਰ ਨੌਜਵਾਨਾਂ ਦੀ ਬੇਰੁਜ਼ਗਾਰੀ ਦੂਰ ਕਰਨੀ ਹੈ ਤਾਂ ਭਾਜਪਾ ਨੂੰ ਇੱਕ ਮੌਕਾ ਦੇ ਕੇ ਦੇਖੋ।" ਗ੍ਰਹਿ ਮੰਤਰੀ ਨੇ ਸਪਸ਼ਟ ਕੀਤਾ ਕਿ ਭਾਜਪਾ ਪੰਜਾਬ ਵਿੱਚ ਜੂਨੀਅਰ ਸਹਿਯੋਗੀ ਵਜੋਂ ਨਹੀਂ, ਸਗੋਂ ਆਪਣੇ ਦਮ 'ਤੇ ਸਰਕਾਰ ਬਣਾਉਣ ਦੇ ਮਕਸਦ ਨਾਲ ਮੈਦਾਨ ਵਿੱਚ ਉਤਰੇਗੀ। ਇਸ ਤੋਂ ਇਲਾਵਾ ਸ਼ਾਹ ਨੇ ਕਾਂਗਰਸ 'ਤੇ ਹਮਲਾ ਕਰਦੇ ਹੋਏ 1984 ਦੇ ਦੰਗਿਆਂ ਦਾ ਮੁੱਦਾ ਉਠਾਇਆ ਅਤੇ ਰਾਹੁਲ ਗਾਂਧੀ ਨੂੰ ਵੀ ਨਿਸ਼ਾਨਾ ਬਣਾਇਆ।

ਸ਼ਾਹ ਨੇ ਕਿਹਾ- "1984 ਦੇ ਸਿੱਖ ਦੰਗਿਆਂ ਦੇ ਖਿਲਾਫ ਸਾਡੀ ਸਰਕਾਰ ਨੇ 350 ਕੇਸ ਦਰਜ ਕੀਤੇ। ਕਾਂਗਰਸ ਨੇ ਇੱਕ ਵੀ ਨੇਤਾ ਜੇਲ੍ਹ ਵਿੱਚ ਨਹੀਂ ਕੀਤਾ, ਪਰ ਅਸੀਂ ਕੀਤੇ।

ਹਰ ਸਿੱਖ ਦੰਗਾ ਪੀੜਤ ਪਰਿਵਾਰ ਨੂੰ ਸਾਡੀ ਸਰਕਾਰ ਨੇ 5 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ। ਇਸ ਤੋਂ ਇਲਾਵਾ ਅਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਆਏ ਸਿੱਖਾਂ ਨੂੰ ਨਾਗਰਿਕਤਾ ਅਸੀਂ ਦਿੱਤੀ। ਕਰਤਾਰਪੁਰ ਕੋਰੀਡੋਰ ਅਸੀਂ ਬਣਾਇਆ।

ਜਦੋਂ ਵੰਡ ਹੋਈ ਸੀ, ਜੇਕਰ ਅਸੀਂ ਉਸ ਸਮੇਂ ਹੁੰਦੇ, ਤਾਂ ਕਰਤਾਰਪੁਰ ਸਾਹਿਬ ਨੂੰ ਜਾਣ ਨਾ ਦਿੰਦੇ।" ਸ਼ਾਹ ਨੇ ਕਿਹਾ "ਕਾਂਗਰਸ ਸਰਕਾਰ ਦੇ ਸਮੇਂ 22



ਹਜ਼ਾਰ ਕਰੋੜ ਰੁਪਏ ਦਾ ਬਜਟ ਸੀ। ਹੁਣ ਇਸ ਨੂੰ 1 ਲੱਖ 40 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ ਭਾਜਪਾ ਦੀ ਮੋਦੀ ਸਰਕਾਰ ਨੇ ਕੀਤਾ ਹੈ।

ਹਰ ਕਿਸਾਨ ਨੂੰ ਸਾਲਾਨਾ 6 ਹਜ਼ਾਰ ਰੁਪਏ ਮਿਲ ਰਹੇ ਹਨ। ਅਸੀਂ 13 ਹਜ਼ਾਰ 50 ਕਰੋੜ ਰੁਪਏ 'ਕਿਸਾਨ ਸਨਮਾਨ ਰਾਸ਼ੀ' ਵਜੋਂ ਦੇ ਰਹੇ ਹਾਂ।"

## ਬਿਹਾਰ ਦੇ ਸੀਐਮ ਨਿਤੀਸ਼ ਕੁਮਾਰ ਦੀ ਸੁਰੱਖਿਆ 'ਚ ਚੂਕ: ਹੈਲੀਪੈਡ ਵਾਲੀ ਥਾਂ 'ਤੇ ਜਾ ਵੜਿਆ ਸਾਨ੍ਹ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸਮ੍ਰਿਧੀ ਯਾਤਰਾ ਬੇਗੂਸਰਾਏ ਪਹੁੰਚੀ। ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, ਸਾਡੀ ਸਰਕਾਰ ਤੁਹਾਡੇ ਲਈ ਲਗਾਤਾਰ ਕੰਮ ਕਰ ਰਹੀ ਹੈ। ਕੇਂਦਰ ਸਰਕਾਰ ਵੀ ਲਗਾਤਾਰ ਸਹਾਇਤਾ ਪ੍ਰਦਾਨ ਕਰ ਰਹੀ ਹੈ। 2005 ਵਿੱਚ ਐਨਡੀਏ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਰਾਜ ਵਿੱਚ ਕਾਨੂੰਨ ਦਾ ਰਾਜ ਕਾਇਮ ਰਿਹਾ ਹੈ। ਉੱਥੇ ਹੀ ਮੁੱਖ ਮੰਤਰੀ ਦੇ ਆਉਣ ਤੋਂ ਪਹਿਲਾਂ ਇੱਕ ਵੱਡੀ ਸੁਰੱਖਿਆ ਕੁਤਾਹੀ ਸਾਹਮਣੇ ਆਈ। ਜਿਸ ਥਾਂ 'ਤੇ ਮੁੱਖ ਮੰਤਰੀ ਦੇ ਹੈਲੀਕਾਪਟਰ ਨੇ ਉਤਰਨਾ ਸੀ, ਉੱਥੇ ਇੱਕ ਸਾਨ੍ਹ ਹੈਲੀਪੈਡ ਵਾਲੇ ਸੁਰੱਖਿਆ ਘੇਰੇ ਵਿੱਚ ਵੜ ਗਿਆ। ਜਿੱਥੇ ਸਾਨ੍ਹ ਨੇ ਉੱਥੇ ਮੌਜੂਦ ਪੁਲਿਸ ਮੁਲਾਜ਼ਮਾਂ ਦੀ ਰੇਸ ਲਵਾਈ। ਸਾਨ੍ਹ ਨੂੰ ਪੁਲਿਸ ਮੁਲਾਜ਼ਮਾਂ



ਦੇ ਮਗਰ ਦੌੜਦੇ ਹੋਏ ਦੇਖਿਆ ਗਿਆ ਅਤੇ ਪੁਲਿਸ ਮੁਲਾਜ਼ਮ ਬਚਾਅ ਲਈ ਭੱਜੇ। ਇਸ ਦੌਰਾਨ ਸਾਨ੍ਹ ਤੋਂ ਬਚਣ ਲਈ, ਇੱਕ ਪੁਲਿਸ ਮੁਲਾਜ਼ਮ ਫਾਇਰ ਬ੍ਰਿਗੇਡ ਗੱਡੀ 'ਤੇ ਚੜ੍ਹ ਗਿਆ, ਜਿਸ ਨਾਲ ਹਫੜਾ-ਦਫੜੀ ਮਚ ਗਈ। ਹਾਲਾਂਕਿ ਥੋੜੀ ਦੇਰ ਬਾਅਦ ਸਾਨ੍ਹ ਨੂੰ ਭਜਾ ਦਿੱਤਾ ਗਿਆ। ਪਰ ਕੁਝ ਦੇਰ ਲਈ ਹੈਲੀਪੈਡ ਵਾਲੀ ਥਾਂ 'ਤੇ ਹਫੜਾ-ਦਫੜੀ ਮਚ ਗਈ ਸੀ।

## ਕੇਂਦਰ ਸਰਕਾਰ ਨੇ ਸੋਨਮ ਵਾਂਗਚੁਕ ਤੋਂ ਐਨਐਸਏ ਹਟਾਇਆ 170 ਦਿਨਾਂ ਬਾਅਦ ਜੋਧਪੁਰ ਜੇਲ੍ਹ ਤੋਂ ਹੋਵੇਗੀ ਰਿਹਾਈ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਸ਼ਨੀਵਾਰ ਨੂੰ, ਕੇਂਦਰ ਸਰਕਾਰ ਨੇ ਲੱਦਾਖੀ ਸਮਾਜਿਕ ਕਾਰਕੁਨ ਅਤੇ ਇੰਜੀਨੀਅਰ ਸੋਨਮ ਵਾਂਗਚੁਕ ਵਿਰੁੱਧ ਰਾਸ਼ਟਰੀ ਸੁਰੱਖਿਆ ਐਕਟ ਹਟਾ ਦਿੱਤਾ। ਇਹ ਹੁਕਮ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤਾ ਜਾਵੇਗਾ। ਗ੍ਰਹਿ ਮੰਤਰਾਲੇ ਦੇ ਅਨੁਸਾਰ, ਸੋਨਮ ਨੇ ਐਸ਼ਅ ਅਧੀਨ ਆਪਣੀ ਨਜ਼ਰਬੰਦੀ ਦੀ ਲਗਭਗ ਅੱਧੀ ਮਿਆਦ ਪੂਰੀ ਕਰ ਲਈ ਹੈ। ਲਦਾਖ ਪ੍ਰਸ਼ਾਸਨ ਨੇ 26 ਸਤੰਬਰ, 2025 ਨੂੰ ਲੇਹ ਹਿੰਸਾ ਭੜਕਾਉਣ ਦੇ ਦੋਸ਼ ਵਿੱਚ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਵਾਂਗਚੁਕ ਨੂੰ ਹਿਰਾਸਤ ਵਿੱਚ ਲਿਆ ਸੀ। ਉਹ 170 ਦਿਨਾਂ ਤੋਂ ਜੋਧਪੁਰ ਜੇਲ੍ਹ ਵਿੱਚ ਹੈ। ਹੁਣ ਉਸਨੂੰ ਰਿਹਾਅ ਕਰ ਦਿੱਤਾ ਜਾਵੇਗਾ। ਐਨਐਸਏ ਸਰਕਾਰ ਨੂੰ ਉਨ੍ਹਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈਣ ਦੀ ਸ਼ਕਤੀ ਦਿੰਦਾ ਹੈ ਜੋ



ਰਾਸ਼ਟਰੀ ਸੁਰੱਖਿਆ ਜਾਂ ਜਨਤਕ ਵਿਵਸਥਾ ਲਈ ਖ਼ਤਰਾ ਪੈਦਾ ਕਰਦੇ ਹਨ। ਇਸ ਵਿਵਸਥਾ ਦੇ ਤਹਿਤ, ਇੱਕ ਵਿਅਕਤੀ ਨੂੰ ਵੱਧ ਤੋਂ ਵੱਧ 12 ਮਹੀਨਿਆਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ। ਸੋਨਮ ਵਾਂਗਚੁਕ ਨੂੰ 26 ਸਤੰਬਰ, 2025 ਨੂੰ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ। ਉਹ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਕਰਦੇ ਹੋਏ ਇੱਕ ਅੰਦੋਲਨ ਦੀ ਅਗਵਾਈ ਕਰ ਰਿਹਾ ਸੀ। ਅੰਦੋਲਨ ਦੌਰਾਨ ਹੋਏ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਦੋ ਦਿਨ ਬਾਅਦ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਅਤੇ 90 ਹੋਰ ਜ਼ਖਮੀ ਹੋ ਗਏ ਸਨ। ਸਰਕਾਰ ਦਾ ਦੋਸ਼ ਸੀ ਕਿ ਵਾਂਗਚੁਕ ਨੇ ਇਸ ਹਿੰਸਾ ਨੂੰ ਭੜਕਾਇਆ ਸੀ।


## Change Of Name

I, Varinder S/O Davinder born in Pakka Khera Haryana, India, presently residing at 3580 W Grant Line Rd, 216 Tracy CA 95304 USA hereby declare that I have changed my name from **Varinder** to **Varinder Singh**, Henceforth, I shall be known as **Varinder Singh** for all purposes.

## ਨਾਮ ਦੀ ਬਦਲੀ

ਮੈਂ, ਵਰਿੰਦਰ ਪੁੱਤਰ ਦਵਿੰਦਰ ਪੱਕਾ ਖੇੜਾ ਹਰਿਆਣਾ, ਭਾਰਤ ਦਾ ਰਹਿਣ ਵਾਲਾ ਹਾਂ ਅਤੇ ਮੌਜੂਦਾ ਸਮੇਂ 3580 W Grant Line Rd, 216 Tracy CA 95304 USA ਵਿਖੇ ਰਹਿ ਰਿਹਾ ਹਾਂ। ਮੈਂ ਆਪਣਾ ਨਾਮ **ਵਰਿੰਦਰ** ਤੋਂ ਬਦਲ ਕੇ **ਵਰਿੰਦਰ ਸਿੰਘ** ਰੱਖ ਲਿਆ ਹੈ। ਸਾਰੇ ਸਬੰਧਿਤ ਨੋਟ ਕਰਨ ਕਿ ਹੁਣ ਮੈਂ **ਵਰਿੰਦਰ ਸਿੰਘ** ਵਜੋਂ ਜਾਣਿਆ ਜਾਵਾਂਗਾ।


## ਨਵੇਂ ਸੁਪਰੀਮ ਲੀਡਰ ਮੋਜਤਬਾ ਖਮੇਨੀ ਪੂਰੀ ਤਰ੍ਹਾਂ ਠੀਕ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ- ਈਰਾਨ ਵਿਦੇਸ਼ ਮੰਤਰੀ

ਤਹਿਰਾਨ
ਸਾਂਝੀ ਸੋਚ ਬਿਊਰੋ

ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 16ਵਾਂ ਦਿਨ ਹੈ। ਇਸ ਦੌਰਾਨ, ਈਰਾਨ ਨੇ ਕਿਹਾ ਹੈ ਕਿ ਦੇਸ਼ ਦੇ ਨਵੇਂ ਸੁਪਰੀਮ ਲੀਡਰ, ਮੋਜਤਬਾ ਖਮੇਨੀ ਪੂਰੀ ਤਰ੍ਹਾਂ ਠੀਕ ਹਨ ਅਤੇ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ ਹੈ।

ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਕਿ ਖਮੇਨੀ ਆਪਣੀਆਂ ਡਿਊਟੀਆਂ ਆਮ ਤੌਰ 'ਤੇ ਨਿਭਾ ਰਹੇ ਹਨ। ਇਸ ਤੋਂ ਪਹਿਲਾਂ, ਬ੍ਰਿਟਿਸ਼ ਮੀਡੀਆ ਆਉਟਲੈਟ ਦ ਸਨ ਨੇ ਦਾਅਵਾ ਕੀਤਾ ਸੀ ਕਿ ਮੋਜਤਬਾ 28 ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਹਮਲੇ ਵਿੱਚ ਜ਼ਖਮੀ ਹੋ



ਗਿਆ ਸੀ। ਉਹ ਉਦੋਂ ਤੋਂ ਕੋਮਾ ਵਿੱਚ ਹੈ ਅਤੇ ਉਸਦੀ ਇੱਕ ਲੱਤ ਕੱਟਣੀ ਪਈ ਸੀ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਮੋਜਤਬਾ ਜ਼ਖਮੀ ਹੈ। ਹਾਲਾਂਕਿ, ਅਰਾਘਚੀ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ।

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੈਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੈਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਸਾਊਦੀ ਅਰਬ ਵਿੱਚ ਪੰਜ ਅਮਰੀਕੀ ਜਹਾਜ਼ ਤਬਾਹ
## ਜੰਗ 'ਚ ਹੁਣ ਤੱਕ 11 ਅਮਰੀਕੀ ਸੈਨਿਕਾਂ ਦੀ ਮੌਤ
## ਬੀਤੇ ਕੱਲ੍ਹ ਵੀ ਇਰਾਕ ਵਿੱਚ ਵੀ ਇੱਕ ਜਹਾਜ਼ ਹੋਇਆ ਸੀ ਕ੍ਰੈਸ਼

ਸਾਊਦੀ ਅਰਬ
ਸਾਂਝੀ ਸੋਚ ਬਿਊਰੋ



ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 15ਵਾਂ ਦਿਨ ਹੈ। ਸਾਊਦੀ ਅਰਬ ਵਿੱਚ ਇੱਕ ਏਅਰਬੇਸ 'ਤੇ ਖੜ੍ਹੇ ਪੰਜ ਅਮਰੀਕੀ ਹਵਾਈ ਸੈਨਾ ਦੇ ਜਹਾਜ਼ ਟਕਰਾਅ ਦੌਰਾਨ ਤਬਾਹ ਹੋ ਗਏ ਹਨ। ਵਾਲ ਸਟਰੀਟ ਜਰਨਲ ਨੇ ਰਿਪੋਰਟ ਦਿੱਤੀ ਹੈ ਕਿ ਇਹ ਤੇਲ ਭਰਨ ਵਾਲੇ ਟੈਂਕਰ ਜਹਾਜ਼ ਸਨ। ਰਿਪੋਰਟ ਦੇ ਅਨੁਸਾਰ, ਇਹ ਜਹਾਜ਼ ਈਰਾਨੀ ਹਮਲੇ ਵਿੱਚ ਨੁਕਸਾਨੇ ਗਏ ਸਨ, ਹਾਲਾਂਕਿ ਹਮਲੇ ਦੀ ਸਹੀ ਤਾਰੀਖ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਅਮਰੀਕੀ ਸੈਂਟਰਲ ਕਮਾਂਡ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। ਕੱਲ੍ਹ ਪਹਿਲਾਂ, ਇਰਾਕ ਵਿੱਚ ਅਮਰੀਕੀ ਹਵਾਈ ਸੈਨਾ ਦਾ ਇੱਕ ਬੋਇੰਗ ਕੇਸੀ-135 ਤੇਲ ਭਰਿਆ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ। ਜਹਾਜ਼ ਵਿੱਚ ਸਵਾਰ ਸਾਰੇ ਛੇ ਚਾਲਕ ਦਲ ਦੇ ਮੈਂਬਰ ਮਾਰੇ ਗਏ ਸਨ। ਹੁਣ ਤੱਕ, ਈਰਾਨ ਯੁੱਧ ਵਿੱਚ 11 ਅਮਰੀਕੀ ਸੈਨਿਕਾਂ ਦੀ ਜਾਨ ਜਾ ਚੁੱਕੀ ਹੈ।

# ਹਮਾਸ ਨੇ ਈਰਾਨ ਨੂੰ ਗੁਆਂਢੀ ਦੇਸ਼ਾਂ ਨੂੰ ਨਿਸ਼ਾਨਾ ਨਾ ਬਣਾਉਣ ਦੀ ਕੀਤੀ ਅਪੀਲ

ਹਮਾਸ
ਸਾਂਝੀ ਸੋਚ ਬਿਊਰੋ



ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 15ਵਾਂ ਦਿਨ ਹੈ। ਗਾਜ਼ਾ ਸਥਿਤ ਅੱਤਵਾਦੀ ਗਰੁੱਪ ਹਮਾਸ ਨੇ ਕਿਹਾ ਕਿ ਈਰਾਨ ਨੂੰ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਦਾ ਜਵਾਬ ਦੇਣ ਦਾ ਅਧਿਕਾਰ ਹੈ। ਸੰਗਠਨ ਨੇ ਕਿਹਾ ਹੈ ਕਿ ਈਰਾਨ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਕਿਸੇ ਵੀ ਤਰੀਕੇ ਨਾਲ ਜਵਾਬ ਦੇ ਸਕਦਾ ਹੈ। ਹਾਲਾਂਕਿ ਇਸ ਦੌਰਾਨ ਹਮਾਸ ਨੇ ਈਰਾਨ ਨੂੰ ਗੁਆਂਢੀ ਦੇਸ਼ਾਂ ਨੂੰ ਨਿਸ਼ਾਨਾ ਨਾ ਬਣਾਉਣ ਦੀ ਅਪੀਲ ਵੀ ਕੀਤੀ ਹੈ। ਇਸਨੇ ਖੇਤਰ ਦੇ ਸਾਰੇ ਦੇਸ਼ਾਂ ਨੂੰ ਇਸ ਟਕਰਾਅ ਨੂੰ ਰੋਕਣ ਅਤੇ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਇਕੱਠੇ ਕੰਮ ਕਰਨ ਦਾ ਸੱਦਾ ਦਿੱਤਾ ਹੈ।

# ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਭਾਜਪਾ ਦੀ ਬਦਲਾਅ ਰੈਲੀ'ਤੇ ਕੀਤੀ ਤਿੱਖੀ ਟਿੱਪਣੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਭਾਰਤੀ ਜਨਤਾ ਪਾਰਟੀ ਦੀ ਬਦਲਾਅ ਰੈਲੀ ਨੂੰ ਲੈ ਕੇ ਪ੍ਰਤੀਕਿਰਿਆ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਮੋਗਾ ਵਿੱਚ ਅੱਜ ਹੋਈ ਭਾਜਪਾ ਦੀ ਰੈਲੀ ਪੂਰੀ ਤਰ੍ਹਾਂ "ਫਲਾਪ" ਸਾਬਤ ਹੋਈ ਹੈ।

ਵੜਿੰਗ ਨੇ ਇਹ ਟਿੱਪਣੀ ਕਰਦਿਆਂ ਕਿਹਾ ਕਿ ਇਹ ਇੱਕ "ਆਊਟਸੋਰਸਡ ਸ਼ੋਅ" ਸੀ, ਜਿਸ ਦੇ ਮੇਜ਼ਬਾਨ ਅਤੇ ਮਹਿਮਾਨ ਵੀ ਬਾਹਰੋਂ ਲਿਆਂਦੇ ਗਏ ਸਨ। ਉਨ੍ਹਾਂ ਕਿਹਾ ਕਿ 'ਰੈਲੀ 'ਚ ਲੋਕਾਂ ਨੂੰ ਗੁਆਂਢੀ ਰਾਜਾਂ ਜਿਵੇਂ ਕਿ ਰਾਜਸਥਾਨ ਅਤੇ ਹਰਿਆਣਾ, ਜਿੱਥੇ ਦੋਵਾਂ ਵਿੱਚ ਭਾਜਪਾ ਦੀ ਸਰਕਾਰ ਹੈ, ਤੋਂ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ, 'ਭਾਜਪਾ ਦੀ ਪੰਜਾਬ ਰੈਲੀ ਵਿੱਚ ਪੰਜਾਬੀਅਤ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ, ਕਿਉਂਕਿ ਸਭ ਕੁਝ ਬਾਹਰੋਂ ਹੀ ਆਊਟਸੋਰਸ ਕੀਤਾ ਗਿਆ ਸੀ। ਕਾਂਗਰਸ ਪ੍ਰਧਾਨ ਵੜਿੰਗ ਨੇ ਟਿੱਪਣੀ ਕੀਤੀ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਅੱਜ ਜੋ ਵੀ ਕਿਹਾ, ਇਸ ਵਿੱਚ ਪੰਜਾਬ ਦੇ ਲੋਕਾਂ ਲਈ ਕੁਝ ਵੀ ਨਵਾਂ ਨਹੀਂ ਸੀ। ਉਨ੍ਹਾਂ ਸ਼ਾਹ ਨੂੰ ਕਿਹਾ, "ਪੰਜਾਬ ਵਿੱਚ ਹਰ ਕੋਈ ਸਮੱਸਿਆਵਾਂ ਬਾਰੇ ਜਾਣਦਾ ਹੈ, ਤੁਹਾਨੂੰ ਕੁਝ ਹੱਲ ਪੇਸ਼ ਕਰਨੇ ਚਾਹੀਦੇ ਸਨ, ਜਿਸ ਵਿੱਚ ਤੁਸੀਂ ਅਸਫਲ ਰਹੇ ਹੋ।" ਉਨ੍ਹਾਂ ਅੱਗੇ ਕਿਹਾ, "ਲੋਕ ਹੁਣ ਤੁਹਾਡੀ ਉੱਪਰਲੀ ਅਤੇ ਖੋਖਲੀ ਬਿਆਨਬਾਜ਼ੀ ਵਿੱਚ ਆਉਣ ਵਾਲੇ ਨਹੀਂ ਹਨ।"

# ਅਬਲੋਵਾਲ ਬਸਤੀ ਨਾਲ ਰਜਵਾਹੇ ਦੀ ਸੇਵਿਅਰ ਕਲੱਬ ਵੱਲੋਂ ਸਫ਼ਾਈ

ਪਟਿਆਲਾ
ਸਾਂਝੀ ਸੋਚ ਬਿਊਰੋ



ਸੇਵਿਅਰ ਕਲੱਬ (ਰਜਿ) ਪਟਿਆਲਾ ਲੋਕਾਂ ਨੂੰ ਵਾਤਾਵਰਨ ਦੀ ਸਫਾਈ ਰੱਖਣ ਦੇ ਪ੍ਰਤਿ ਲਗਾਤਾਰ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਕਲੱਬ ਦੇ ਮੈਂਬਰਾਂ ਨੇ ਨਾਭਾ ਰੋਡ ਦੇ ਰਜਵਾਹੇ ਦੀ ਸਫਾਈ ਕੀਤੀ। ਇਸ ਸਫਾਈ ਅਭਿਆਨ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪਵਨ ਗਰਗ ਅਤੇ ਚਮਨ ਸ਼ਰਮਾ ਨੇ ਦੱਸਿਆ ਕਿ ਐਂਤਕੀ ਸਫਾਈ ਅਭਿਆਨ ਦੇ ਵਿੱਚ ਬਸਤੀ ਦੇ ਵਸਨੀਕਾਂ ਤੋਂ ਇਲਾਵਾ ਜਲ ਸਰੋਤ ਵਿਭਾਗ ਦੀ ਟੀਮ ਦੇ ਮੈਂਬਰਾਂ ਨੇ ਵੀ ਹਿੱਸਾ ਲਿਆ। ਰਜਵਾਹੇ ਦੇ ਅੰਦਰ ਅਤੇ ਬਾਹਰ ਪਲਾਸਟਿਕ ਦੇ ਕਚਰੇ ਨੂੰ ਇਕੱਠਾ ਕਰਕੇ ਪੰਜਾਬੀ ਬਾਗ ਵਿੱਚ ਸਥਿਤ ਕੂੜੇ ਦੇ ਡੰਪ ਤੇ ਲਿਜਾਇਆ ਗਿਆ। ਉਹਨਾਂ ਦੱਸਿਆ ਕਿ ਸੇਵਿਅਰ ਕਲੱਬ ਦਾ ਮੰਤਵ ਨਾਭਾ ਰੋਡ ਨੂੰ ਪੂਰਣ ਤੌਰ ਤੇ ਪਲਾਸਟਿਕ ਦੇ ਕਚਰੇ ਤੋਂ ਮੁਕਤੀ ਦਿਵਾਉਣਾ ਹੈ। ਇਸ ਉਦੇਸ਼ ਦੀ ਪੂਰਤੀ ਦੇ ਲਈ ਦੁਕਾਨਦਾਰਾਂ ਅਤੇ ਵਸਨੀਕਾਂ ਨੂੰ ਸਫਾਈ ਰੱਖਣ ਪ੍ਰਤਿ ਜਾਗਰੂਕ ਕੀਤਾ ਜਾ ਰਿਹਾ ਹੈ। ਕਲੱਬ ਨੇ ਮਹਾਂਸ਼ਿਵਰਾਤਰੀ ਤੋਂ ਸਫਾਈ ਅਭਿਆਨ ਦੀ ਸ਼ੁਰੂਆਤ ਕੀਤੀ ਸੀ ਜਿਸਦੇ ਚੰਗੇ ਨਤੀਜੇ ਵੇਖਣ ਨੂੰ ਮਿਲ ਰਹੇ ਹਨ। ਅਬਲੋਵਾਲ ਬਸਤੀ ਦੇ ਲੋਕਾਂ ਨੂੰ ਰਜਵਾਹੇ ਵਿੱਚ ਕਚਰਾ ਨਾ ਸੁੱਟਣ ਬਾਰੇ ਲਗਾਤਾਰ ਸਮਝਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪ੍ਰਸ਼ਾਸਨ ਅਤੇ ਸਥਾਨਕ ਲੋਕਾਂ ਦੇ ਸਹਿਯੋਗ ਦੇ ਨਾਲ ਰਜਵਾਹੇ ਨੂੰ ਸੈਰਗਾਹ ਵਿੱਚ ਪਰਿਵਰਤਿਤ ਕੀਤਾ ਜਾਵੇਗਾ। ਕਲੱਬ ਦੇ ਅਹੁੱਦੇਦਾਰਾਂ ਨੇ ਜਲ ਸਰੋਤ ਵਿਭਾਗ ਵੱਲੋਂ ਸਫਾਈ ਅਭਿਆਨ ਵਿੱਚ ਸਹਿਯੋਗ ਕਰਨ ਲਈ ਧੰਨਵਾਦ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸੇਵਿਅਰ ਕਲੱਬ (ਰਜਿ) ਵਾਤਾਵਰਨ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਲੋਕ ਭਲਾਈ ਸਕੀਮਾਂ ਜਿਵੇਂ ਖੂਨਦਾਨ ਕੈਂਪ, ਗਰੀਬ ਵਿਅਕਤੀਆਂ ਦੀ ਆਰਥਿਕ ਮੱਦਦ ਕਰਨਾ, ਅਵਾਰਾ ਪਸ਼ੂਆ ਦੀ ਸਮੱਸਿਆ ਦਾ ਨਿਪਟਾਰਾ, ਰੇਹੜੀਆਂ ਦੀ ਸਹੀ ਵਿਵਸਥਾ ਕਰਨਾ, ਮੁੱਖ ਮੰਤਰੀ ਬੀਮਾ ਯੋਜਨਾ ਕਾਰਡ ਬਣਾਉਣ ਲਈ ਕੈਂਪ ਦਾ ਆਯੋਜਨ ਅਤੇ ਆਦਿ ਪੌਦੇ ਲਗਾਉਣ ਵਿੱਚ ਯਤਨਸ਼ੀਲ ਹੈ।




Space available for Ad
Contact # +1 (209) 303-1260


APCA
AMERICAN PETROLEUM AND CONVENIENCE STORE ASSOCIATION
Presents
Golf Tournament 2026
Supporting non- Profits
Children's Miracle Network.
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register


PROPANE
Coca-Cola
APCA
AMERICAN PETROLEUM AND CONVENIENCE STORE ASSOCIATION
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

APCA
AMERICAN PETROLEUM AND CONVENIENCE STORE ASSOCIATION

INVITES YOU
GOLF TOURNAMENT 2026
APRIL 8, 2026

CHARDONNAY GOLF CLUB
NAPA COUNTY, CA 94503

SUPPORTING NON-PROFIT

Children's Miracle Network Hospitals
Change Kids' Health. Change the Future.




Followed by APCA's 12th Annual Trade Show

APCA is a non-profit grassroots, membership based community organization providing representation for small to medium sized enterprises.

Thursday
April 9, 2026
12:30 pm - 5:30 pm

Sunrise Banquet Hall & Events
620 Orange Drive
Vacaville, CA 95687







To register please click link below.

Register »

www.apca.us

For more information please contact: kewal@apca.us

# ਬਾਬਾ ਬਕਾਲਾ ਵਿੱਚ ਨੈਸ਼ਨਲ ਲੋਕ ਅਦਾਲਤ 'ਚ ਹੋਇਆ 333 ਕੇਸਾਂ ਦਾ ਨਿਪਟਾਰਾ ਅਤੇ 15 ਕਰੋੜ 31 ਲੱਖ 11 ਹਜਾਰ 826 ਰੁਪਏ ਦੇ ਅਵਾਰਡ ਪਾਸ

ਰਈਆ
ਡਾ.ਰਾਜਿੰਦਰ ਰਿਖੀ

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਜੀ ਦੀਆਂ ਹਦਾਇਤਾਂ ਅਨੁਸਾਰ ਸ੍ਰੀਮਤੀ ਜਤਿੰਦਰ ਕੌਰ ਜਿਲਾ ਸੇਸ਼ਨਜ ਜੱਜ- ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਅਤੇ ਸ਼੍ਰੀ ਅਮਰਦੀਪ ਸਿੰਘ ਬੈਂਸ, ਸਿਵਲ ਜੱਜ-ਸਹਿਤ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜੀ ਦੇ ਯਤਨਾ ਸਦਕਾ ਅੱਜ ਸਬ ਡਵੀਜਨ ਕੋਰਟ ਬਾਬਾ ਬਕਾਲਾ ਸਾਹਿਬ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਦਿਵਾਨੀ ਅਤੇ ਫੌਜ਼ਦਾਰੀ ਕੇਸਾ ਤੋ ਇਲਾਵਾ ਚੈਕ ਬਾਉਂਸ, ਬੈਂਕ ਰਿਕਵਰੀ, ਜਮੀਨੀ ਵਿਵਾਦਾਂ, ਘਰੇਲੂ ਝਗੜੀਆਂ , ਟ੍ਰੈਫਿਕ ਚਲਾਨ ਅਤੇ ਹੋਰ ਤਕਰੀਬਨ ਸਾਰੇ ਕਿਸਮਾਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸਰਦਾਰ ਜਸਪ੍ਰੀਤ ਸਿੰਘ ਜੁਡੀਸ਼ੀਅਲ ਮੈਜਿਸਟ੍ਰੇਟ ਸੀਨੀਅਰ ਡਵੀਜ਼ਨ, ਮਿਸ ਰਮਨਦੀਪ ਕੌਰ ਜੁਡੀਸ਼ੀਅਲ ਮੈਜਿਸਟਰੇਟ ਜੂਨੀਅਰ ਡਵੀਜ਼ਨ, ਮਿਸ ਮਹਿਕਪ੍ਰੀਤ ਕੌਰ ਜੁਡੀਸ਼ੀਅਲ ਮੈਜਿਸਟ੍ਰੇਟ ਜੂਨੀਅਰ ਡਵੀਜ਼ਨ ਅਤੇ ਸ੍ਰੀ ਪਵਨਪ੍ਰੀਤ ਸਿੰਘ ਜੁਡੀਸ਼ੀਅਲ ਮੈਜਿਸਟ੍ਰੇਟ ਜੂਨੀਅਰ ਡਵੀਜ਼ਨ ਜੀ ਦੀਆ ਅਦਾਲਤਾ ਵੱਲੋਂ ਕੁੱਲ 421 ਕੇਸ ਸੁਣਵਾਈ ਵਾਸਤੇ ਰੱਖੇ ਗਏ ਸਨ, ਜਿਹਨਾਂ ਵਿੱਚੋਂ 333 ਕੇਸਾਂ ਦਾ ਆਪਸੀ ਰਾਜੀਨਾਮੇ ਨਾਲ ਨਿਪਟਾਰਾ ਕੀਤਾ ਗਿਆ ਅਤੇ 15 ਕਰੋੜ 31 ਲੱਖ 11 ਹਜਾਰ 826 ਰੁਪਏ ਦੇ ਅਵਾਰਡ ਪਾਸ ਕੀਤੇ ਗਏ।

ਇਸ ਦੋਰਾਨ ਸਰਦਾਰ ਜਸਪ੍ਰੀਤ ਸਿੰਘ ਜੁਡੀਸ਼ੀਅਲ ਮੈਜਿਸਟ੍ਰੇਟ ਸੀਨੀਅਰ ਡਵੀਜ਼ਨ, ਮਿਸ ਰਮਨਦੀਪ ਕੌਰ ਜੁਡੀਸ਼ੀਅਲ ਮੈਜਿਸਟਰੇਟ, ਮਿਸ ਮਹਿਕਪ੍ਰੀਤ ਕੌਰ ਜੁਡੀਸ਼ੀਅਲ ਮੈਜਿਸਟ੍ਰੇਟ ਅਤੇ ਸ੍ਰੀ ਪਵਨਪ੍ਰੀਤ ਸਿੰਘ ਜੁਡੀਸ਼ੀਅਲ ਮੈਜਿਸਟ੍ਰੇਟ ਜੂਨੀਅਰ ਡਵੀਜ਼ਨ ਵੱਲੋਂ ਲੋਕਾਂ ਨੂੰ ਲੋਕ ਅਦਾਲਤ ਦੇ ਮਹੱਤਵ ਤੋ ਜਾਣੂ ਕਰਵਾਉਂਦੇ ਹੋਏ ਦੱਸਿਆ ਗਿਆ ਕੀ ਲੋਕ ਅਦਾਲਤ ਵਿੱਚ ਦੋਵਾਂ ਧਿਰਾਂ ਦਾ ਰਾਜੀਨਾਮੇ ਤਹਿਤ ਫੈਸਲਾ ਕਰਵਾਇਆ ਜਾਂਦਾ ਹੈ। ਲੋਕ ਅਦਾਲਤਾਂ ਰਾਹੀਂ ਸਸਤਾ ਤੇ ਛੇਤੀ ਇਨਸਾਫ ਮਿਲਦਾ ਹੈ। ਲੋਕ ਅਦਾਲਤਾਂ ਦੇ ਫੈਸਲੇ ਦੀ ਕੋਈ ਅਪੀਲ ਨਹੀ ਹੁੰਦੀ। ਦੋਹਾਂ ਧਿਰਾਂ ਵਿੱਚ ਪਿਆਰ ਵੱਧਦਾ ਹੈ। ਜਿਹੜੇ ਵਿਅਕਤੀ ਆਪਣੇ ਸਮਝੌਤੇ ਯੋਗ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹਨ ਉਹ ਸਬੰਧਤ ਅਦਾਲਤ ਵਿੱਚ ਜਿੱਥੇ ਉਨਾਂ ਦਾ ਕੇਸ ਲੰਭਿਤ ਹੈ, ਆਪਣੀ ਅਰਜ਼ੀ ਲਗਾਂ ਸਕਦੇ ਹਨ ਜਾਂ ਨਵੇ ਮਾਮਲੀਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਾਂ ਉਪ ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਦੇ ਦਫਤਰ ਵਿਖੇ ਆਪਣੀ ਅਰਜ਼ੀ ਦੇ ਸਕਦੇ ਹਨ।

ਉਹਨਾ ਹੋਰ ਕਿਹਾ ਕਿ ਲੋਕ ਅਦਾਲਤ ਜਿਸ ਨੂੰ ਦੂਜੇ ਸ਼ਬਦਾ ਵਿੱਚ ਲੋਕ ਨਿਆਇਕ ਪ੍ਰਣਾਲੀ ਵੀ ਆਖਿਆ ਜਾਂਦਾ ਹੈ, ਦੇ ਰਾਹੀਂ ਆਮ ਜਨਤਾ ਆਪਣੇ ਵਿਚਾਰ ਖੁੱਲ ਕੇ ਪੇਸ਼ ਕਰ ਸਕਦੇ ਹਨ ਅਤੇ ਆਪਣੇ ਝਗੜੀਆਂ ਸਬੰਧੀ ਸਬੰਧਤ ਅਦਾਲਤ ਜਿੱਥੇ ਉਹਨਾ ਦਾ ਕੇਸ ਲੰਭਿਤ ਹੈ ਬਗੈਰ ਕਿਸੇ ਵਕੀਲ ਸਾਹਿਬਾਨ ਤੋਂ ਰੱਖ ਸਕਦੇ ਹਨ ਅਤੇ ਇਹਨਾਂ ਲੋਕ ਅਦਾਲਤਾਂ ਦੇ ਰਾਹੀਂ ਆਪਣੇ ਝਗੜੇ ਸ਼ਾਂਤ-ਮਈ ਢੰਗ ਨਾਲ, ਸ਼ਾਂਤ-ਮਈ ਵਾਤਾਵਰਨ ਵਿੱਚ ਮੁੱਕਾ ਸਕਦੇ ਹਨ। ਇਸ ਤਰ੍ਹਾਂ ਜਦੋਂ ਸ਼ਾਂਤ-ਮਈ ਢੰਗ ਨਾਲ ਕੇਸਾਂ ਦਾ ਨਿਪਟਾਰਾ ਹੁੰਦਾ ਹੈ ਤਾਂ ਸਮਾਜ ਵਿੱਚ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ ਅਤੇ ਲੋਕਾਂ ਦਾ ਆਪਸ ਵਿੱਚ ਪਿਆਰ ਵੱਧਦਾ ਹੈ। ਇਸ ਤਰਾ ਅਦਾਲਤਾ ਦਾ ਵੀ ਵਾਧੂ ਦੇ ਝਗੜਿਆ ਦਾ ਬੋਝ ਘੱਟਦਾ ਹੈ, ਲੋਕ ਅਦਾਲਤਾਂ ਵਿੱਚ ਫੈਸਲਾ ਹੋਣ ਉਪਰੰਤ ਸਿਵਲ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਧਿਰਾਂ ਨੂੰ ਵਾਪਸ ਮਿਲ ਜਾਂਦੀ ਹੈ। ਇਸ ਦੇ ਨਾਲ ਲੋਕ ਅਦਾਲਤਾਂ ਦੇ ਮੁੱਢਲੇ ਟੀਚੇ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਸਮਝੌਤਿਆ ਰਾਹੀਂ ਝਗੜੀਆਂ ਦਾ ਨਿਪਟਾਰਾ ਕਰਨਾ ਨੂੰ ਪੂਰਾ ਕੀਤਾ ਗਿਆ। ਜਿਸ ਕਾਰਨ ਪਾਰਟੀਆਂ ਦਾ ਕੀਮਤੀ ਸਮਾਂ ਅਤੇ ਪੈਸੇ ਦੀ ਬਚਤ ਹੋਈ।



ਇਸ ਮੌਕੇ ਅਦਾਲਤੀ ਸਟਾਫ ਵਿੱਚ ਰੀਡਰ ਰਕੇਸ਼ ਕੁਮਾਰ, ਸਟੈਨੋ ਕਰਨ ਭੰਗਚਿੜੀ, ਨਾਜਰ ਧਰਮਪਾਲ ਸਿੰਘ ਗਡਵਾਲ, ਐਹਲਮਦ ਅਵਤਾਰ ਸਿੰਘ, ਐਹਲਮਦ ਬਚਿੱਤਰ ਸਿੰਘ, ਅਹੈਲਮਦ ਜੋਬਨਜੀਤ ਸਿੰਘ, ਅਹੈਲਮਦ ਮਮਤਾ ਰਾਣੀ, ਸਟੈਨੋ ਗੁਰਮੁੱਖ ਸਿੰਘ, ਰੀਡਰ ਗੋਵਿੰਦ ਰਾਏ, ਰੀਡਰ ਗੁਰਵਿੰਦਰ ਸਿੰਘ ਲਾਡੀ ਸੈਸਰਾ, ਸਟੈਨੋ ਸੋਨੂੰ ਕੁਮਾਰ, ਜੱਜਮੈਂਟ ਰਾਈਟਰ ਕਮਲ ਕਟਾਰੀਆ, ਸਟੈਨੋ ਸਿਮਰਨਜੀਤ ਕੌਰ, ਹਰਵਿੰਦਰ ਸਿੰਘ, ਸਟੈਨੋ ਜੋਤੀ ਰਾਣੀ, ਜੱਜਮੈਂਟ ਰਾਈਟਰ ਜੁਸ਼ਾਨ, ਗੁਰਦੇਵ ਸਿੰਘ, ਜਗਮੀਤ ਸਿੰਘ, ਪ੍ਰਦੀਪ ਸਿੰਘ, ਐਹਲਮਦ ਲਵ ਸ਼ਰਮਾ ਸਿਵਲ, ਅਹੈਲਮਦ ਲਵਪ੍ਰੀਤ ਸਿੰਘ, ਐਹਲਮਦ ਪ੍ਰਵੀਨ ਕੌਰ, ਗੁਰਪ੍ਰੀਤ ਕੌਰ ਸ਼ਰਮਾ, ਜੀਨੀਆ, ਵੋਹਰਾ, ਚੋਧਰੀ ਅਸ਼ਵਨੀ ਕੁਮਾਰ, ਰੀਡਰ ਪਵਨ ਕੁਮਾਰ,ਮਨਜਿੰਦਰ ਸਿੰਘ ਮੋਨੂੰ, ਇਕਬਾਲ ਸਿੰਘ, ਪ੍ਰਕਾਸ਼ ਰਾਵਤ ਜਜਮੈਂਟ ਰਾਈਟਰ, ਨਾਇਬ ਕੋਰਟ ਥਾਣੇਦਾਰ ਬਲਵਿੰਦਰ ਸਿੰਘ, ਨਾਇਬ ਕੋਰਟ ਥਾਣੇਦਾਰ ਨਿਰਮਲ ਸਿੰਘ ਅਤੇ ਨਾਇਬ ਕੋਰਟ ਥਾਣੇਦਾਰ ਬਲਜਿੰਦਰ ਸਿੰਘ ਤੋ ਇਲਾਵਾ ਬਾਰ ਐਸੋਸੀਏਸ਼ਨ ਬਾਬਾ ਬਕਾਲਾ ਸਾਹਿਬ ਦੇ ਵਕੀਲ ਸਾਹਿਬਾਨ ਵੀ ਹਾਜ਼ਰ ਸਨ।

# ਗੈਂਗਸਟਰਾਂ 'ਤੇ ਵਾਰ ਦਾ 53ਵਾਂ ਦਿਨ: ਪੰਜਾਬ ਪੁਲਿਸ ਨੇ 581 ਥਾਵਾਂ 'ਤੇ ਕੀਤੀ ਛਾਪੇਮਾਰੀ: 186 ਗ੍ਰਿਫ਼ਤਾਰ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ ਤੇ ਵਾਰ' ਮੁਹਿੰਮ ਦੇ 53ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 581 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ"- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।53ਵੇਂ ਦਿਨ, ਪੁਲਿਸ ਟੀਮਾਂ ਨੇ 186 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1 ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 14,526 ਹੋ ਗਈ ਹੈ।ਇਸ ਤੋਂ ਇਲਾਵਾ 82 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 73 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 2 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ।ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 378ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 92 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 526 ਗ੍ਰਾਮ ਹੈਰੋਇਨ, 515 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 9540 ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ 378 ਦਿਨਾਂ 'ਚ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਗਿਣਤੀ 53,562 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 35 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਜਲੰਧਰ ਹਾਈਟਸ 'ਚ ਵਿਦਿਆਰਥਣ ਦੀ ਸ਼ੱਕੀ ਹਾਲਾਤਾਂ 'ਚ ਮੌਤ

ਜਲੰਧਰ
ਸਾਂਝੀ ਸੋਚ ਬਿਊਰੋ

ਜਲੰਧਰ ਹਾਈਟਸ ਵਿਖੇ ਇੱਕ ਵਿਦਿਆਰਥਣ ਦੀ ਸ਼ੱਕੀ ਹਾਲਾਤਾਂ 'ਚ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ। ਅਰਬਨ ਅਸਟੇਟ ਫੇਜ਼ 2, ਜਲੰਧਰ ਦੇ ਕੈਂਬਰਿਜ ਸਕੂਲ ਦੀ ਵਿਦਿਆਰਥਣ ਭੂਮਿਕਾ (14) ਦੀ ਮੌਤ ਇੱਕ ਰਹੱਸ ਬਣ ਗਈ ਹੈ। ਕੋਈ ਵੀ ਕੋਣ ਕਤਲ ਜਾਂ ਖੁਦਕੁਸ਼ੀ ਨਾਲ ਮੇਲ ਨਹੀਂ ਖਾਂਦਾ ਜਾਪਦਾ। ਪੁਲਿਸ ਕਹਾਣੀ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਉਸਦੀ ਮੌਤ ਤੋਂ ਬਾਅਦ, ਜਦੋਂ ਉਸਦੇ ਮਾਪੇ ਸਕੂਲ ਗਏ, ਤਾਂ ਉਨ੍ਹਾਂ ਨੂੰ ਉੱਥੇ ਉਸਦੀ ਟੈਨਿਸ ਕਿੱਟ ਮਿਲੀ। ਟੈਨਿਸ ਇੰਸਟ੍ਰਕਟਰ ਨੂੰ ਕਿੱਟ ਵਿੱਚ ਇੱਕ ਸੁਸਾਈਡ ਨੋਟ ਮਿਲਿਆ।

ਲੜਕੀ ਦੇ ਚਾਚੇ ਨੇ ਦਾਅਵਾ ਕੀਤਾ ਕਿ ਸੁਸਾਈਡ ਨੋਟ ਵਿੱਚ ਲਿਖਿਆ ਸੀ, "ਮਾਫ਼ ਕਰਨਾ, ਮੰਮੀ, ਮੈਂ ਦੋ ਪੇਪਰਾਂ ਵਿੱਚ ਫੇਲ ਹੋ ਗਈ ਹਾਂ।" ਲੜਕੀ ਦੇ ਚਾਚੇ ਨੇ ਸਵਾਲ ਕੀਤਾ ਕਿ ਕੀ ਸੁਸਾਈਡ ਨੋਟ ਦਬਾਅ ਹੇਠ ਲਿਖਿਆ ਗਿਆ ਸੀ। ਲੜਕੀ ਨੂੰ ਸਕੂਟਰ ਚਲਾਉਣਾ ਨਹੀਂ ਆਉਂਦਾ ਸੀ। ਕੈਂਬਰਿਜ ਤੋਂ ਜਲੰਧਰ ਹਾਈਟਸ ਦੀ ਦੂਰੀ ਲਗਭਗ 3 ਤੋਂ 4 ਕਿਲੋਮੀਟਰ ਹੈ।

